Roll No. : ......................................

Total No. of Questions : **11** ]                [ Total No. of Printed Pages : **4**

# ED–3027

## B.A. B.Ed. (Part-III) Examination, 2022
## PUNJABI

Paper - I (CC–4)

*Time : 3 Hours* ]                [ *Maximum Marks : 60*

**Section–A**                **(Marks : 2 × 8 = 16)**

***Note*** :– Answer all *Eight* questions (Answer limit **50** words). Each question carries **2** marks.

**Section–B**                **(Marks : 4 × 5 = 20)**

***Note*** :– Answer any *five* questions. Each question has internal choice (Answer limit **200** words). Each question carries **4** marks.

**Section–C**                **(Marks : 8 × 3 = 24)**

***Note*** :– Answer any *three* questions out of five (Answer limit **500** words). Each question carries **8** marks.

**ਭਾਗ–ੳ**                2×8=16

1. ਹੇਠ ਲਿਖੇ ਸਾਰੇ ਸਵਾਲਾਂ ਨੂੰ ਹੱਲ ਕਰੋ (ਉੱਤਰ ਸੀਮਾਂ 50 ਸ਼ਬਦ)। ਹਰ ਸਵਾਲ 2 ਅੰਕ ਦਾ ਹੈ।

   (ੳ) 'ਪਿੰਜਰੇ ਪਿਆ ਪੰਛੀ' ਕਵਿਤਾ ਦਾ ਲਿਖਾਰੀ ਕੌਣ ਹੈ ?

   (ਅ) 'ਪੰਜਾਬ ਦੇ ਮਜੂਰ' ਕਵਿਤਾ ਵਿਚ ਕਵੀ ਨੇ ਮਜ਼ਦੂਰਾਂ ਦੇ ਕੀ ਮੁੱਖ ਗੁਣ ਦੱਸੇ ਹਨ।

   (ੲ) ਸ਼ਿਵ ਕੁਮਾਰ ਬਟਾਲਵੀ ਦੀਆਂ ਕਵਿਤਾਵਾਂ ਦਾ ਬੁਨਿਆਦੀ ਤੱਤ ਕੀ ਹੈ ?

   (ਸ) 'ਵਰ-ਘਰ' ਨਾਟਕ ਵਿਚ 'ਬੇਬੇ' ਕੌਣ ਹੈ ?

(ਹ) 'ਲਿੱਲੀ ਦਾ ਪਿਤਾ ਲਿੱਲੀ ਦਾ ਰਿਸ਼ਤਾ ਕਿਸ ਨਾਲ ਕਰਨਾ ਚਾਹੁੰਦਾ ਹੈ ?

(ਕ) 'ਵਰ-ਘਰ' ਨਾਟਕ ਦਾ ਅੰਤ ਕਿਹੋ ਜਿਹਾ ਹੈ ?

(ਖ) 'ਗੰਗਾ ਅਸ਼ਨਾਨ' ਨਿਬੰਧ ਅਨੁਸਾਰ 'ਚੁਲੀਆਂ ਲੈਣ' ਦੀ ਕੀ ਪ੍ਰਥਾ ਹੁੰਦੀ ਹੈ ?

(ਗ) ਭਾਸ਼ਾ ਦੇ ਆਧਾਰ 'ਤੇ ਪੰਜਾਬ ਦੇ ਕਿਸੇ ਦੋ ਖੇਤਰਾਂ / ਇਆਕਿਆਂ ਦਾ ਨਾ ਲਿਖੋ ?

**ਭਾਗ-ਅ** 4×5=20

**ਨੋਟ :** ਹੇਠ ਲਿਖੇ ਸਾਰੇ ਪੰਜ ਸਵਾਲਾਂ ਨੂੰ ਹੱਲ ਕਰੋ। ਹਰੇਕ ਸਵਾਲ ਵਿਚ ਅੰਦਰੂਨੀ ਵਿਕਲਪ ਦੀ ਚੋਣ ਕਰੋ (ਉੱਤਰ ਸੀਮਾ 200 ਸ਼ਬਦ)। ਹਰ ਸਵਾਲ 4 ਅੰਕ ਦਾ ਹੈ।

2. ਹੇਠ ਲਿਖੇ ਕਾਵਿ ਟੋਟੇ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ ?

ਵਿੱਖ ਵਾਲੇ ਜੱਗ ਵਿਚ, ਵਿੱਥਾਂ ਪਈਆਂ ਚੱਪੇ ਚੱਪੇ,  
ਅੱਡ ਅੱਡ ਸਭ ਕੋਈ, ਜੋੜੀਆਂ ਨੀ ਥੋੜੀਆਂ।  
ਵਿੱਥਾਂ ਮੇਟ ਇੱਕੋ ਹੋਏ, ਉਹਨਾਂ ਵੇਖ ਰੀਝਣਾਂ ਵੇ,  
ਬਾਰੀਂ ਗਲੇ ਲਿਪਟੀਆਂ, ਨ ਚਾਹੀਏ ਕਦੇ ਤੋੜੀਆਂ

ਜਾਂ

ਹੇਠ ਲਿਖੇ ਕਾਵਿ ਟੋਟੇ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ ?

ਇਹ ਜ਼ਖਮ ਮੇਰੇ ਇਸ਼ਕ ਦੇ, ਸੀਤੇ ਸੀ ਤੇਰੀ ਯਾਦ ਨੇ।  
ਅਜ ਤੋੜ ਕੇ ਟਾਂਕੇ ਅਸਾਂ, ਧਾਗਾ ਵੀ ਤੈਨੂੰ ਮੋੜਿਆ।  
ਕਿਤਨੀ ਕੁ ਦਰਦਨਾਕ ਹੈ, ਅੱਜ ਬੀੜ ਮੇਰੇ ਇਸ਼ਕ ਦੀ।  
ਸਭਨਾਂ ਉਡੀਕਾਂ ਦਾ ਅਸਾਂ, ਪਤਰਾ ਇਹਦੇ 'ਚੋਂ ਪਾੜਿਆ।

3. 'ਵਿਸਾਖੀ ਦਾ ਮੇਲਾ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ?

ਜਾਂ

'ਅਪ੍ਰਮਾਣਿਕ' ਕਵਿਤਾ ਦੇ ਵਿਸ਼ਾ-ਵਸਤੂ 'ਤੇ ਚਾਨਣਾ ਪਾਉ ?

4. 'ਵਰ-ਘਰ' ਨਾਟਕ ਦੀ ਨਾਇਕਾ ਦੇ ਚਰਿੱਤਰ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸੋ ?

ਜਾਂ

'ਵਰ-ਘਰ' ਨਾਟਕ ਵਿੱਚ ਲਿੱਲੀ ਦੇ ਘਰਦਿਆਂ ਨਾਲ ਜੈਕਿਸ਼ਨ ਕਿਹੜੀ ਚਾਲ ਖੇਡਦਾ ਹੈ ਤੇ ਦਿਉਂ ?

5. ਹੇਠ ਲਿਖੇ ਵਾਰਤਾਲਾਪ ਟੋਟੇ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ ?

''ਤੁਸਾਂ ਉਮਰ ਲੰਘਾ ਦਿੱਤੀ, ਪਰ ਤੁਹਾਨੂੰ ਅਕਲ ਸਵਾਹ ਦੀ ਨਾ ਆਈ। ਨਿਰੇ ਮੁੰਡੇ ਨੂੰ ਚੰਟਣਾ ਏ ? ਆਖੇ 'ਘਰ ਨਾ ਖਾਣਕਾ ਤੇ ਕੁੱਤੇ ਦਾ ਨਾਂ ਮਾਣਕਾ' ? ਨਾ ਉਹਦਾ ਘਰ ਘਰਾਟ, ਨਾ ਉਹਦਾ ਅੱਗਾ ਪਿੱਛਾ। ਉਹਦਾ ਨਾਉ ਹੀ ਕਿਉਂ ਲੈਂਦੇ ਉ ?''

ਜਾਂ

ਹੇਠ ਲਿਖੇ ਵਾਰਤਾਲਾਪ ਟੋਟ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ ?

''ਪੜ੍ਹੀ ਹੋਵੇ ਭਾਵੇਂ ਅਨਪੜ੍ਹ ਹੋਵੇ, ਗੱਲ ਉਹੋ ਹੀ ਏ, 'ਚਾਰ ਦਿਨਾਂ ਦੀ ਚਾਨਣੀ ਫੇਰ ਹਨੇਰੀ ਰਾਤ' ਪਹਿਲੋਂ ਪਹਿਲੋਂ ਸਾਰਿਆਂ ਦੀ ਅਨੰਦ ਨਾਲ ਲੰਘ ਜਾਂਦੀ ਹੈ, ਤੇ ਪਤਾ ਪਿਛੋਂ ਆ ਕੇ ਲਗਦਾ ਹੈ।''

6. 'ਛਪਾਰ ਦਾ ਮੇਲਾ' 'ਤੇ ਸੰਖੇਪ ਨੋਟ ਲਿਖੋ ?

ਜਾਂ

'ਖੇਡ ਕਬੱਡੀ ਪੰਜਾਬੀ ਸਭਿਆਚਾਰ ਦਾ ਅਨਿੱਖੜਵਾਂ ਅੰਗ ਹੈ', ਸਿੱਧ ਕਰੋ ?

**ਭਾਗ-ੲ** 8×3=24

**ਨੋਟ :** ਹੇਠ ਲਿਖੇ ਸਵਾਲਾਂ ਵਿੱਚੋਂ ਕਿਸੇ ਤਿੰਨ ਨੂੰ ਦੱਸੇ ਅਨੁਸਾਰ ਹੱਲ ਕਰੋ (ਉੱਤਰ ਸੀਮਾਂ 500 ਸ਼ਬਦ)। ਹਰ ਸਵਾਲ 8 ਅੰਕ ਦਾ ਹੈ।

7. ਹੇਠ ਲਿਖੇ ਕਾਵਿ ਟੋਟੇ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ ?

ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ

ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ।

ਗੀਤ ਦੀ ਮੌਤ ਇਸ ਰਾਤ ਜੇ ਹੋ ਗਈ।

ਮੇਰਾ ਜੀਣਾ ਮੇਰੇ ਯਾਰ ਕਿੰਞ ਸਹਿਣਗੇ।

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ।

ਫੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ।

ਆਖੋ ਏਨ੍ਹਾਂ ਨੂੰ ਉੱਜੜੇ ਘਰੀਂ ਜਾਣ ਹੁਣ।

ਇਹ ਕਦੋਂ ਤੀਕ ਇਥੇ ਖੜ੍ਹੇ ਰਹਿਣਗੇ।

8. 'ਕੰਡਿਆਲੀ ਥੋਰ੍ਹ' ਕਵਿਤਾ ਦਾ ਸਾਰ ਅਤੇ ਕੇਂਦਰੀ ਭਾਵ ਆਪਣੇ ਸ਼ਬਦਾਂ ਵਿਚ ਲਿਖੋ ?

9. 'ਵਰ-ਘਰ' ਨਾਟਕ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ ?

10. ਹੇਠ ਲਿਖੇ ਵਾਰਤਾਲਾਪ ਟੋਟੇ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ ?

''ਹੋਇਆ ਕੀ ਏ ? ਜਣਨ ਵਾਲਿਆਂ ਦੇ ਸਿਰ ਸੁਆਹ ਪੈ ਗਈ। ਉਹ ਮੁੰਡਾ ਲਭ ਕੇ ਬੈਠੇ ਤੇ ਕੁੜੀ ਕਹਿੰਦੀ ਏ ਮੈਂ ਵਿਆਹ ਹੀ ਨਹੀਂ ਕਰਾਉਣਾ। ਲੋਕੀਂ ਤਾਂ ਆਹੰਦੇ ਨੇ ਕਿ ਉਹਨੇ ਮੁੰਡਾ ਆਪ ਹੀ ਲੱਭ ਲਿਆ ਏ। ਹਾਏ ਚਰਜ ਆ ਗਿਆ। ਸੁਣਦੇ ਹੁੰਦੇ ਸਾਂ ਕਿ ਘੋਰ ਕਲਜੁਗ ਆਵੇਗਾ, ਕੰਧਾਂ ਕੋਠੇ ਦੌੜਨਗੇ, ਸੋਈ ਵੇਖ ਲਓ ਰੇਲਾਂ ਚਲਦੀਆਂ। ਆਖੇ ਕੁਆਰੀਆਂ ਵਰ ਮੰਗਣਗੀਆਂ, ਸੋਈ ਆਪਣੇ ਅੱਖੀਂ ਵੇਖ ਲਿਆ।

11. 'ਪਿੰਡ ਦੀਆਂ ਰੌਣਕਾ' ਨਿਬੰਧ ਦਾ ਸਾਰ ਆਪਣੇ ਸ਼ਬਦਾਂ 'ਚ ਲਿਖੋ ?